ਪਟਿਆਲਾ ਅਜੀਤ
ਅਜੀਤ, ਚੰਡੀਗੜ੍ਹ
6
ਮੰਗਲਵਾਰ, 4 ਜਨਵਰੀ 2022

ਯੂਥ ਅਕਾਲੀ ਦਲ ਦਿਹਾਤੀ ਪ੍ਰਧਾਨ ਅੰਮ੍ਰਿਤਪਾਲ ਲੰਗ ਦਾ ਸਨਮਾਨ ਕਰਦੇ ਹੋਏ ਬਿੱਟੂ ਚੱਠਾ ਅਤੇ ਅਮਿਤ ਸਿੰਘ ਰਾਠੀ। ਅਜੀਤ ਤਸਵੀਰ

ਪੰਜਾਬ 'ਚ ਗੱਠਜੋੜ ਦੀ ਸਰਕਾਰ ਬਣਾਉਣ 'ਤੇ ਯੂਥ ਅਕਾਲੀ ਦਲ ਅਹਿਮ ਰੋਲ ਅਦਾ ਕਰੇਗਾ : ਅੰਮ੍ਰਿਤਪਾਲ ਸਿੰਘ ਲੰਗ

ਪਟਿਆਲਾ, 3 ਜਨਵਰੀ (ਗੁਰਵਿੰਦਰ ਸਿੰਘ ਔਲਖ) - ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ਼੍ਰੋਮਣੀ ਅਕਾਲੀ ਦਲ ਵਿਚ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਹਮੇਸ਼ਾ ਹੀ ਮਾਣ ਸਤਿਕਾਰ ਦਿੱਤਾ ਜਾਂਦਾ ਇਸੇ ਦੇ ਚੱਲਦਿਆਂ ਹਲਕਾ ਪਟਿਆਲਾ ਦਿਹਾਤੀ ਤੋਂ ਅੰਮ੍ਰਿਤਪਾਲ ਸਿੰਘ ਲੰਗ ਨੂੰ ਬੀਤੇ ਦਿਨੀਂ ਯੂਥ ਅਕਾਲੀ ਦਲ ਦਿਹਾਤੀ ਪਟਿਆਲਾ ਦਾ ਪ੍ਰਧਾਨ ਦਾ ਅਹੁਦਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਚੱਲਦਿਆਂ ਹਲਕਾ ਪਟਿਆਲਾ ਦਿਹਾਤੀ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਜਸਪਾਲ ਸਿੰਘ ਬਿੱਟੂ ਚੱਠਾ ਵਲੋਂ ਹਲਕਾ ਪਟਿਆਲਾ ਦਿਹਾਤੀ ਤੋਂ ਯੂਥ ਅਕਾਲੀ ਦਲ ਦੇ ਨਵ-ਨਿਯੁਕਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਦਾ ਵਿਸ਼ੇਸ਼ ਤੌਰ 'ਤੇ ਸਿਰੋਪਾਉ ਪਾ ਕੇ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਮੌਕੇ ਗੱਲਬਾਤ ਕਰਦਿਆਂ ਯੂਥ ਅਕਾਲੀ ਦਲ ਹਲਕਾ ਪਟਿਆਲਾ ਦਿਹਾਤੀ ਦੇ ਨਵ-ਨਿਯੁਕਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਕਿਹਾ ਕਿ ਹਲਕਾ ਪਟਿਆਲਾ ਦਿਹਾਤੀ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਸਾਂਝੇ ਉਮੀਦਵਾਰ ਜਸਪਾਲ ਸਿੰਘ ਬਿੱਟੂ ਚੱਠਾ ਨੂੰ ਦਿਹਾਤੀ ਹਲਕੇ ਤੋਂ ਯੂਥ ਅਕਾਲੀ ਦਲ ਦਾ ਹਰ ਵਰਕਰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿਚ ਭੇਜੇਗਾ।

ਗੁਰੂ ਨਾਨਕ ਸੇਵਾ ਮਿਸ਼ਨ ਦਾ ਸਨਮਾਨ ਕਰਦੇ ਹੋਏ ਭਾਜਪਾ ਦੇ ਸੂਬਾ ਮੀਡੀਆ ਮੁਖੀ ਡਾ. ਸੰਜੇ ਸ਼ਰਮਾ।

ਆਰਬਰ ਗਰੋਵ ਸਕੂਲ 'ਚ ਮਾਨਵਤਾ ਦੀ ਸੇਵਾ ਕਰਨ ਵਾਲੀ ਸੰਸਥਾ ਗੁਰੂ ਨਾਨਕ ਸੇਵਾ ਮਿਸ਼ਨ ਦਾ ਸਨਮਾਨ

ਪਿਹੋਵਾ, 3 ਜਨਵਰੀ (ਗੁਰਪ੍ਰੀਤ ਸਿੰਘ ਰਾਮਗੜ੍ਹੀਆ) - ਆਰਬਰ ਗਰੋਵ ਸਕੂਲ ਵਿਖੇ ਮੈਨੇਜਮੈਂਟ ਵਲੋਂ ਸਮਾਜ ਸੇਵਾ ਦੇ ਕੰਮਾਂ ਵਿਚ ਮੋਹਰੀ ਰਹਿਣ ਵਾਲਿਆਂ ਨੂੰ ਸਨਮਾਨਿਤ ਕਰਨ ਦੇ ਮਕਸਦ ਨਾਲ ਇਕ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਪ੍ਰਬੰਧਕਾਂ ਨੇ ਸ਼ਹੀਦ ਸੁਸ਼ੀਲ ਕੁਮਾਰ ਦੀ ਧਰਮ ਪਤਨੀ ਸੁਨੀਤਾ ਦੇਵੀ ਅਤੇ ਗੁਰੂ ਨਾਨਕ ਸੇਵਾ ਮਿਸ਼ਨ ਸੰਸਥਾ ਨੂੰ ਮਾਨਵ ਸੇਵਾ ਅਤੇ ਦੇਸ਼ ਦੀ ਸੇਵਾ ਦੇ ਖੇਤਰ ਵਿਚ ਕੰਮ ਕਰਨ ਬਦਲੇ ਸਨਮਾਨਿਤ ਕੀਤਾ। ਇਸ ਮੌਕੇ ਭਾਜਪਾ ਦੇ ਸੂਬਾ ਮੀਡੀਆ ਮੁਖੀ ਡਾ. ਸੰਜੇ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਦੇਸ਼ ਇਸ ਸਾਲ ਆਜ਼ਾਦੀ ਦੇ 75ਵੇਂ ਵਰ੍ਹੇ ਨੂੰ ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਵਜੋਂ ਮਨਾ ਰਿਹਾ ਹੈ। ਦੇਸ਼ ਨੂੰ ਇਹ ਦਿਨ ਇਨਕਲਾਬੀਆਂ ਅਤੇ ਸ਼ਹੀਦਾਂ ਦੀ ਬਦੌਲਤ ਹੀ ਦੇਖਣ ਨੂੰ ਮਿਲੇ ਹਨ। ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਸੰਭਾਲਣ ਵਿਚ ਸਮਾਜਿਕ ਸੰਸਥਾਵਾਂ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਗੁਰੂ ਨਾਨਕ ਸੇਵਾ ਮਿਸ਼ਨ ਵਰਗੀਆਂ ਸੰਸਥਾਵਾਂ ਨੇ ਲੋੜਵੰਦ ਲੋਕਾਂ ਦਾ ਹੱਥ ਫੜਿਆ ਅਤੇ ਉਨ੍ਹਾਂ ਨੂੰ ਦੇਸ਼ ਦੇ ਵਿਕਾਸ ਵਿਚ ਬਰਾਬਰ ਦੇ ਹਿੱਸੇਦਾਰ ਬਣਾਇਆ। ਉਨ੍ਹਾਂ ਗੁਰੂ ਨਾਨਕ ਸੇਵਾ ਮਿਸ਼ਨ ਦੀ ਕਮੇਟੀ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਜਥੇਦਾਰ ਸਤਪਾਲ ਸਿੰਘ ਰਾਮਗੜ੍ਹੀਆ, ਮੁਖ਼ਤਿਆਰ ਸਿੰਘ, ਗੁਰਮੀਤ ਸਿੰਘ ਅਤੇ ਰਾਜਿੰਦਰ ਸਿੰਘ ਦਾ ਵੀ ਸਨਮਾਨ ਕੀਤਾ। ਇਸ ਦੇ ਨਾਲ ਹੀ ਸ਼ਹੀਦ ਸੁਸ਼ੀਲ ਕੁਮਾਰ ਦੀ ਪਤਨੀ ਸੁਨੀਤਾ ਅਤੇ ਉਨ੍ਹਾਂ ਦੇ ਪੁੱਤਰ ਮੋਹਿਤ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਪ੍ਰੋਮਿਲਾ ਬੱਤਰਾ, ਰਾਮ ਸਾਂਤੀ ਐਜੂਕੇਸ਼ਨਲ ਟਰੱਸਟ ਦੇ ਚੇਅਰਮੈਨ ਐਡਵੋਕੇਟ ਐਸ.ਡੀ. ਮੁਰਾਰ, ਪ੍ਰੋ. ਊਸ਼ਾ ਮੁਰਾਰ, ਐਮ.ਡੀ. ਵਿਭੂ ਦਰਸ਼ਨ ਮੁਰਾਰ, ਜੂਨੀਅਰ ਵਿੰਗ ਦੀ ਪ੍ਰਿੰਸੀਪਲ ਨੀਰੂ ਭੂਟਾਨੀ, ਐਡਵੋਕੇਟ ਡੀ.ਪੀ ਦਸਤੂਰ, ਸੁਰਿੰਦਰ ਮਾਂਗਟ, ਕੌਂਸਲਰ ਸੁਖਵਿੰਦਰ ਬਿੱਟੂ, ਐਡਵੋਕੇਟ ਮੋਹਿਤ ਸ਼ਰਮਾ, ਡਾ. ਜੈਪ੍ਰਕਾਸ਼ ਯਾਦਵ ਅੰਬਾਲਾ, ਹਿਤੇਸ਼ ਚਾਵਲਾ, ਭੁਪਿੰਦਰ ਵਧਾਵਨ ਸਮੇਤ ਕਈ ਲੋਕ ਮੌਜੂਦ ਸਨ।

ਪਿੰਡ ਮਵੀਸੱਪਾਂ ਵਿਖੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਣ ਸਮੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਰਜਿੰਦਰ ਸਿੰਘ। ਤਸਵੀਰ : ਪਰਗਟ ਸਿੰਘ

ਵਿਧਾਇਕ ਰਜਿੰਦਰ ਸਿੰਘ ਨੇ ਮਵੀਸੱਪਾਂ 'ਚ ਕਰਵਾਈ ਵਿਕਾਸ ਕਾਰਜਾਂ ਦੀ ਸ਼ੁਰੂਆਤ

ਡਕਾਲਾ, 3 ਜਨਵਰੀ (ਪਰਗਟ ਸਿੰਘ ਬਲਬੇੜਾ) - ਹਲਕਾ ਸਮਾਣਾ ਦੇ ਵਿਧਾਇਕ ਰਜਿੰਦਰ ਸਿੰਘ ਵਲੋਂ ਪਿੰਡ ਮਵੀਸੱਪਾਂ ਵਿਖੇ 80 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਰਜਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਮਵੀ ਸੱਪਾਂ ਨੂੰ ਹੁਣ ਤੱਕ ਦਿੱਤੀ ਗਈ ਤਕਰੀਬਨ 80 ਲੱਖ ਰੁਪਏ ਦੀ ਗਰਾਂਟ ਨਾਲ ਬਣੀਆਂ ਗਲੀਆਂ ਨਾਲੀਆਂ, ਸ਼ਮਸ਼ਾਨਘਾਟ, ਫ਼ਿਰਨੀ, ਕਮਿਊਨਿਟੀ ਹਾਲ,ਸੀਵਰੇਜ ਦਾ ਕੰਮ, ਛੱਪੜ ਆਦਿ ਤੇ ਆਂਗਣਵਾੜੀ ਸੈਂਟਰ ਦਾ ਉਦਘਾਟਨ ਕੀਤਾ ਗਿਆ ਅਤੇ 106 ਗ਼ਰੀਬ ਪਰਿਵਾਰਾਂ ਨੂੰ 5-5 ਮਰਲੇ ਦੇ ਪਲਾਂਟ ਦੇਣ ਦੇ ਨਾਲ ਹੀ ਬੇਜ਼ਮੀਨੇ 50 ਗ਼ਰੀਬ ਪਰਿਵਾਰਾਂ ਦੀ ਕਰਜ਼ਾ ਮੁਆਫ਼ੀ ਦੇ 4 ਲੱਖ ਦੇ ਚੈੱਕ ਵੰਡੇ ਗਏ। ਵਿਧਾਇਕ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਰਾਜਲਾ, ਧਨੌਰੀ, ਮਵੀ ਸੱਪਾਂ, ਖਿੜਕੀ ਕਰਹਾਲੀ ਸਾਹਿਬ ਵਾਲੀ ਸੜਕ 'ਤੇ 4 ਕਰੋੜ 50 ਲੱਖ ਨਾਲ 18 ਫੁੱਟੀ ਬਣਾਇਆ ਗਿਆ ਹੈ। ਇਸ ਮੌਕੇ ਬਲਾਕ ਸੰਮਤੀ ਪਟਿਆਲਾ ਦੇ ਚੇਅਰਮੈਨ ਤਰਸੇਮ ਸਿੰਘ ਝੰਡੀ, ਸਰਪੰਚ ਕ੍ਰਿਸਨ ਸਿੰਘ, ਕਿਸਾਨ ਆਗੂ ਬਲਬੀਰ ਸਿੰਘ, ਯਾਦਵਿੰਦਰ ਸਿੰਘ ਧਨੌਰੀ, ਹਰਚਰਨ ਸਿੰਘ ਸਰਪੰਚ ਧਰਮਹੇੜੀ, ਰਣਜੀਤ ਸਿੰਘ ਸਰਪੰਚ ਕਰਹਾਲੀ,ਪੀ.ਏ. ਮੇਜਰ ਸਿੰਘ ਕੰਬੋਜ, ਪੀ.ਏ. ਸਚਿਨ ਕੰਬੋਜ, ਜੀਤ ਸਿੰਘ, ਬਹਾਦਰ ਸਿੰਘ, ਭੁਪਿੰਦਰ ਸ਼ਰਮਾ, ਹਰਜਿੰਦਰ ਸਿੰਘ ਧਨੌਰੀ, ਸਮੇਤ ਹੋਰ ਵੀ ਹਾਜਰ ਸਨ।

ਅੱਧਾ ਕਿੱਲੋ ਅਫ਼ੀਮ ਸਮੇਤ ਇਕ ਕਾਬੂ ਪਰਚਾ ਦਰਜ

ਰਾਜਪੁਰਾ, 3 ਜਨਵਰੀ (ਰਣਜੀਤ ਸਿੰਘ)-ਸਿਟੀ ਪੁਲਿਸ ਨੇ ਇਕ ਵਿਅਕਤੀ ਨੂੰ ਅੱਧਾ ਕਿੱਲੋ ਅਫ਼ੀਮ ਸਮੇਤ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਿਕ ਚੌਕੀ ਇੰਚਾਰਜ ਗੁਰਨਾਮ ਸਿੰਘ ਸਮੇਤ ਪੁਲਿਸ ਪਾਰਟੀ ਜੈਸਪੁਰ ਚੌਂਕ ਨੇੜੇ ਹਾਜਰ ਸੀ। ਪੁਲਿਸ ਪਾਰਟੀ ਨੇ ਇਕ ਵਿਅਕਤੀ ਨੂੰ ਰੋਕ ਕੇ ਜਦ ਉਸ ਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ 'ਚੋਂ ਪੁਲਿਸ ਨੂੰ ਅੱਧਾ ਕਿੱਲੋ ਅਫ਼ੀਮ ਬਰਾਮਦ ਹੋਈ। ਪੁਲਿਸ ਨੂੰ ਉਸ ਨੇ ਆਪਣੀ ਪਹਿਚਾਣ ਰਣਜੀਤ ਕੁਮਾਰ ਪੁੱਤਰ ਰਾਮ ਨਾਥ ਵਾਸੀ ਪਿੰਡ ਗਨੂਆਪੁਰ ਯੂ.ਪੀ. ਦੱਸੀ। ਪੁਲਿਸ ਨੇ ਉਸ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸ਼ੂਗਰਫੈਡ ਪੰਜਾਬ ਦਾ ਚੇਅਰਮੈਨ ਬਣਨ 'ਤੇ ਐਡਵੋਕੇਟ ਸਤਬੀਰ ਸਿੰਘ ਖੱਟੜਾ ਦਾ ਸਨਮਾਨ ਕਰਦੇ ਹੋਏ ਐਮ. ਡੀ. ਗੁਰਬਾਜ ਸਿੰਘ ਖਲੀਫੇਵਾਲਾ ਤੇ ਹੋਰ। ਅਜੀਤ ਤਸਵੀਰ

ਬਨੂੜ ਨਗਰ ਕੌਂਸਲ ਦੀ ਹਦੂਦ ਵਧੀ- ਸ਼ਰਾਬ ਫ਼ੈਕਟਰੀ ਸਮੇਤ ਕਈ ਸ਼ੈਲਰ ਤੇ ਹੋਰ ਅਦਾਰੇ ਆਏ ਕੌਂਸਲ ਅਧੀਨ

ਸਥਾਨਕ ਸਰਕਾਰਾਂ ਵਿਭਾਗ ਵਲੋਂ ਨੋਟੀਫ਼ਿਕੇਸ਼ਨ ਜਾਰੀ

ਬਨੂੜ, 3 ਜਨਵਰੀ (ਭੁਪਿੰਦਰ ਸਿੰਘ) - ਸੀ ਗਰੇਡ ਤੋਂ ਬੀ ਗਰੇਡ 'ਚ ਸ਼ੁਮਾਰ ਹੋਈ ਨਗਰ ਕੌਂਸਲ ਬਨੂੜ ਦੀ ਹਦੂਦ ਵਿਚ ਵਾਧਾ ਹੋ ਗਿਆ ਹੈ। ਸਥਾਨਿਕ ਸਰਕਾਰਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਕੁਮਾਰ ਸਿਨਹਾ ਨੇ ਇਸ ਸਬੰਧੀ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਬਨੂੜ ਦੇ ਸ਼ਹਿਰੀਆਂ ਵਲੋਂ ਲੰਮੇ ਸਮੇਂ ਤੋਂ ਹਦੂਦ 'ਚ ਵਾਧੇ ਦੀ ਮੰਗ ਕੀਤੀ ਜਾ ਰਹੀ ਸੀ। ਤਾਜ਼ਾ ਵਾਧੇ ਨਾਲ ਸ਼ਰਾਬ ਫ਼ੈਕਟਰੀ, ਕਈ ਸ਼ੈਲਰ ਅਤੇ ਹੋਰ ਅਦਾਰੇ ਨਗਰ ਕੌਂਸਲ ਦੀ ਹਦੂਦ ਅੰਦਰ ਆ ਗਏ ਹਨ ਤੇ ਕੌਂਸਲ ਨੂੰ ਇਸ ਨਾਲ ਆਰਥਿਕ ਤੌਰ 'ਤੇ ਲਾਭ ਹੋਵੇਗਾ। ਬਨੂੜ ਕੌਂਸਲ ਵਲੋਂ 28-5-2018 ਅਤੇ 22-9-2019 ਨੂੰ ਹਦੂਦ ਵਿਚ ਵਾਧੇ ਸਬੰਧੀ ਮਤੇ ਪਾਏ ਗਏ ਸਨ। ਸਥਾਨਿਕ ਸਰਕਾਰਾਂ ਵਿਭਾਗ ਵਲੋਂ ਇਸ ਸਬੰਧੀ ਅਧਿਸੂਚਨਾ ਪ੍ਰਕਾਸ਼ਿਤ ਕਰਕੇ ਲੋਕਾਂ ਕੋਲੋਂ ਸੁਝਾਅ ਅਤੇ ਇਤਰਾਜ਼ ਮੰਗੇ ਗਏ ਸਨ। ਕਿਸੇ ਵਲੋਂ ਵੀ ਕੋਈ ਇਤਰਾਜ਼ ਨਾ ਆਉਣ ਮਗਰੋਂ ਵਿਭਾਗ ਨੇ ਹੱਦ ਦੇ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਧੀ ਹੋਈ ਹੱਦ ਅਨੁਸਾਰ ਮਾਲ ਵਿਭਾਗ ਦੇ ਰਿਕਾਰਡ ਵਿੱਚ ਦਰਜ ਹੱਦਬਸਤ ਨੰਬਰ 280 ਹੇਠਲਾ ਬਨੂੜ ਦਾ ਸਮੁੱਚਾ ਰਕਬਾ ਹੁਣ ਨਗਰ ਕੌਂਸਲ ਦੇ ਅਧੀਨ ਆ ਗਿਆ ਹੈ। ਪਹਿਲਾਂ ਇਸ ਹੱਦਬਸਤ ਨੰਬਰ ਦਾ ਇੱਕ ਚੌਥਾਈ ਦੇ ਕਰੀਬ ਹਿੱਸਾ ਕੌਂਸਲ ਤੋਂ ਬਾਹਰ ਸੀ। ਨਵੀਂ ਹੱਦ ਅਨੁਸਾਰ ਬਨੂੜ ਦਾ ਉੱਤਰ ਵੱਲ ਪਿੰਡ ਮੋਟੇਮਾਜਰਾ, ਤੰਗੌਰੀ, ਸੇਖਨਮਾਜਰਾ ਅਤੇ ਕੁਰੜਾ ਨਾਲ ਲੱਗਦਾ ਰਕਬਾ, ਪੂਰਬ ਵੱਲ ਪਿੰਡ ਕਰਾਲਾ, ਖਾਨਪੁਰ ਖੱਦਰ ਨਾਲ ਲੱਗਦਾ ਰਕਬਾ, ਦੱਖਣ ਵੱਲ ਧਰਮਗੜ੍ਹ, ਚੰਗੇਰਾ ਆਦਿ ਨਾਲ ਲੱਗਦਾ ਰਕਬਾ ਅਤੇ ਪੱਛਮ ਵੱਲ ਜੰਗਪੁਰਾ, ਨੰਡਿਆਲੀ, ਕਲੌਲੀ ਆਦਿ ਨਾਲ ਲੱਗਦਾ ਰਕਬਾ ਹੁਣ ਨਗਰ ਕੌਂਸਲ ਦੇ ਅਧੀਨ ਆ ਗਿਆ ਹੈ। ਕੌਂਸਲ ਦੇ ਪ੍ਰਧਾਨ ਜਗਤਾਰ ਸਿੰਘ ਕੰਬੋਜ, ਉਪ ਪ੍ਰਧਾਨ ਜਗਦੀਸ਼ ਕਾਲਾ, ਮਾਰਕੀਟ ਕਮੇਟੀ ਦੇ ਚੇਅਰਮੈਨ ਕੁਲਵਿੰਦਰ ਸਿੰਘ ਭੋਲਾ, ਅਵਤਾਰ ਬਬਲਾ, ਸੋਨੀ ਸੰਧੂ, ਭਾਗ ਸਿੰਘ ਡਾਂਗੀ, ਪ੍ਰੀਤੀ ਵਾਲੀਆ, ਭਜਨ ਲਾਲ ਨੰਦਾ (ਸਾਰੇ ਕੌਂਸਲਰ) ਨੇ ਬਨੂੜ ਕੌਂਸਲ ਦੀ ਹਦੂਦ ਵਧਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਹਲਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਦਾ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਕੌਂਸਲ ਨੂੰ ਭਾਰੀ ਲਾਭ ਹੋਵੇਗਾ। ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਬਲਜਿੰਦਰ ਸਿੰਘ ਨੇ ਆਖਿਆ ਕਿ ਬਨੂੜ ਕੌਂਸਲ ਦੀ ਹੱਦ ਵੱਧਣ ਨਾਲ ਕੌਂਸਲ ਨੂੰ ਸ਼ਰਾਬ ਫੈਕਟਰੀ ਅਤੇ ਹੋਰਨਾਂ ਅਦਾਰਿਆਂ ਤੋਂ ਸਾਲਾਨਾ ਪੰਜਾਹ ਲੱਖ ਤੋਂ ਵੱਧ ਪ੍ਰਾਪਰਟੀ ਟੈਕਸ ਦੇ ਰੂਪ ਵਿੱਚ ਮੁਆਵਜ਼ਾ ਹਾਸਿਲ ਹੋਵੇਗਾ।

ਮੋਦੀ ਦਾ ਸਿੱਖਾਂ ਨਾਲ ਰਿਸ਼ਤਾ ਕਿਤਾਬ ਲੋਕਾਂ ਵਿੱਚ ਵੰਡਦੇ ਅਤੇ ਰੈਲੀ ਦੀ ਅਪੀਲ ਕਰਦੇ ਵਿਕਾਸ ਸ਼ਰਮਾ ਵਿੱਕੀ। ਤਸਵੀਰ : ਸੁਸ਼ੀਲ ਕੁਮਾਰ ਸ਼ਰਮਾ

ਮੋਦੀ ਦੀ ਫ਼ਿਰੋਜ਼ਪੁਰ ਰੈਲੀ ਖੋਲ੍ਹੇਗੀ ਰਵਾਇਤੀ ਪਾਰਟੀਆਂ ਦੀਆਂ ਅੱਖਾਂ - ਵਿਕਾਸ ਸ਼ਰਮਾ

ਘਨੌਰ, 3 ਜਨਵਰੀ (ਸੁਸ਼ੀਲ ਕੁਮਾਰ ਸ਼ਰਮਾ) - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ ਨੂੰ ਹੋਣ ਵਾਲੀ ਫ਼ਿਰੋਜ਼ਪੁਰ 'ਚ ਰੈਲੀ ਲਈ ਜ਼ਿਲ੍ਹਾ ਪਟਿਆਲਾ ਉੱਤਰੀ ਦੇ ਪ੍ਰਧਾਨ ਵਿਕਾਸ ਸ਼ਰਮਾ ਵਿੱਕੀ ਨੇ ਹਲਕਾ ਘਨੌਰ ਦੇ ਪਿੰਡਾਂ 'ਚ ਭਾਜਪਾ ਵਰਕਰਾਂ ਅਤੇ ਆਪਣੇ ਹਮਾਇਤੀਆਂ ਨੂੰ ਰੈਲੀ 'ਚ ਵੱਡੇ ਕਾਫ਼ਲੇ ਨਾਲ ਜਾਣ ਦੀ ਤਿਆਰੀ ਖਿੱਚ ਲਈ ਹੈ। ਅੱਜ ਵੱਖ-ਵੱਖ ਪਿੰਡਾਂ 'ਚ ਵਿਕਾਸ ਸ਼ਰਮਾ ਵਲੋਂ ਆਮ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਅਤੇ ਇਸ ਮੌਕੇ ਤੇ ਸ਼ਰਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕਿਤਾਬ ਨਰਿੰਦਰ ਮੋਦੀ ਦਾ ਸਿੱਖਾਂ ਨਾਲ ਰਿਸ਼ਤਾ ਆਮ ਲੋਕਾਂ ਵਿੱਚ ਵੰਡੀਆਂ। ਇਸ ਮੌਕੇ 'ਅਜੀਤ' ਨਾਲ ਖ਼ਾਸ ਗੱਲਬਾਤ ਕਰਦਿਆਂ ਸ਼ਰਮਾ ਨੇ ਕਿਹਾ ਮੋਦੀ ਦੀ ਫ਼ਿਰੋਜ਼ਪੁਰ ਰੈਲੀ ਰਵਾਇਤੀ ਪਾਰਟੀਆਂ ਦੀਆਂ ਅੱਖਾਂ ਖੋਲ੍ਹ ਦੇਵੇਗੀ। ਫਿਰੋਜ਼ਪੁਰ ਵਿਚ ਹੋਣ ਵਾਲਾ ਇਕੱਠ ਪੰਜਾਬ 'ਚ ਭਾਜਪਾ ਦੀ ਜਿੱਤ ਦਾ ਨੀਂਹ ਪੱਥਰ ਰੱਖੇਗਾ। ਹਲਕਾ ਘਨੌਰ ਤੋਂ ਰਿਕਾਰਡਤੋੜ ਇਕੱਠ ਰੈਲੀ ਵਿਚ ਲੈਕੇ ਕੇ ਜਾਵਾਂਗੇ ਜਿਸ ਲਈ ਅਸੀਂ ਆਪਣੇ ਵਰਕਰਾਂ ਨੂੰ ਹੁਣੇ ਤੋਂ ਰੈਲੀ ਲਈ ਲਾਮਬੰਦ ਕੀਤਾ ਹੈ ਅਤੇ ਤਿਆਰੀਆਂ ਹੁਣੇ ਤੋਂ ਸ਼ੁਰੂ ਕਰ ਦਿੱਤੀਆਂ ਹਨ। ਇਸ ਮੌਕੇ ਵਿਕਾਸ ਸ਼ਰਮਾ ਨਾਲ ਭਾਜਪਾ ਆਗੂ ਅਤੇ ਵਰਕਰ ਵੀ ਮੌਜੂਦ ਸਨ।

ਸੁਖਬੀਰ ਸਿੰਘ ਬਾਦਲ ਦੇ ਮੁਕਾਬਲੇ ਵਿਰੋਧੀ ਪਾਰਟੀਆਂ ਨੂੰ ਨਹੀਂ ਮਿਲ ਰਿਹਾ ਮੁੱਖ ਮੰਤਰੀ ਲਈ ਚਿਹਰਾ- ਬਿੱਲੂ

ਨਾਭਾ, 3 ਜਨਵਰੀ (ਕਰਮਜੀਤ ਸਿੰਘ) - ਪੰਜਾਬ 'ਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਮਾਹੌਲ ਗਰਮਾ ਚੁੱਕਾ ਹੈ। ਇਸੇ ਕੜੀ ਤਹਿਤ ਅੱਜ ਹਲਕਾ ਨਾਭਾ ਤੋਂ ਸ਼੍ਰੋਮਣੀ ਅਕਾਲੀ ਪੰਜਾਬ ਦੇ ਸੀਨੀਅਰ ਆਗੂ ਤੇ ਮਾਰਕਿਟ ਕਮੇਟੀ ਨਾਭਾ ਦੇ ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਅਨਾਜ ਮੰਡੀ ਨਾਭਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਵਿਕਾਸ ਚਾਹੁੰਦੇ ਹਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੂਰੇ ਨਹੀਂ ਕੀਤੇ ਜਿਨ੍ਹਾਂ ਵਿਚ ਘਰ-ਘਰ ਨੌਕਰੀ, ਬੁਢਾਪਾ ਪੈਨਸ਼ਨ 2500, ਬੇਰੁਜ਼ਗਾਰੀ ਭੱਤਾ, ਸ਼ਗਨ ਸਕੀਮ 51 ਹਜ਼ਾਰ ਵਾਅਦੇ ਪੂਰੇ ਕਰਨ ਦੀ ਜਗ੍ਹਾ ਸੁਵਿਧਾ ਸੈਂਟਰਾਂ ਵਿਚ ਜਿਹੜੀਆਂ ਲੋਕ ਜ਼ਮੀਨਾਂ ਦੀਆਂ ਨਕਲਾਂ ਲੈਂਦੇ ਹਨ ਉਨ੍ਹਾਂ ਦੇ 50 ਗੁਣਾ ਰੇਟ ਵਧਾ ਦਿੱਤੇ ਹਨ। ਰੇਤਾ 40 ਰੁਪਏ ਫੁੱਟ ਵੇਚਿਆ ਗਿਆ, ਨਕਲੀ ਸ਼ਰਾਬ ਦਾ ਬੋਲਬਾਲਾ ਰਿਹਾ, ਅਨੇਕਾਂ ਲੋਕਾਂ ਦੀ ਨਕਲੀ ਸ਼ਰਾਬ ਪੀਣ ਨਾਲ ਮੌਤ ਹੋ ਗਈ। ਸਰਕਾਰੀ ਮੁਲਾਜ਼ਮਾਂ ਦੀਆਂ ਬਦਲੀਆਂ ਦੇ ਰਿਕਾਰਡਤੋੜ ਦਿੱਤੇ ਕਿਸੇ ਵੀ ਅਫ਼ਸਰ ਨੂੰ ਟਿਕ ਕੇ ਇਕ-ਦੋ ਸਾਲ ਇਕ ਜਗ੍ਹਾ ਨੌਕਰੀ ਨਹੀਂ ਕਰਨ ਦਿੱਤੀ। ਪੰਜਾਬ ਦੇ ਲੋਕ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਇਸ ਮੌਕੇ ਉਨ੍ਹਾਂ ਨਾਲ ਨਛੱਤਰ ਸਿੰਘ ਕਕਰਾਲਾ, ਮਨਜੀਤ ਭੀਲੋਵਾਲ, ਕਰਤਾਰ ਸਿੰਘ ਉਪਲਾ, ਸਤਵਿੰਦਰ ਸਿੰਘ ਬੂਹੀ, ਦਲਬਾਰਾ ਸਿੰਘ ਗਲਵੱਟੀ ਅਤੇ ਹਰਨਾਮ ਸਿੰਘ ਲੋਪੇ ਆਦਿ ਸ਼ਾਮਿਲ ਸਨ।

ਗੁਰਦਿਆਲਇੰਦਰ ਸਿੰਘ ਬਿੱਲੂ

ਹਲਕਾ ਸਨੌਰ ਤੋਂ ਕਾਂਗਰਸ ਪਾਰਟੀ ਨੂੰ ਧੜੇਬੰਦੀ ਦਾ ਭੁਗਤਣਾ ਪੈ ਸਕਦੈ ਵਿਧਾਨ ਸਭਾ ਚੋਣਾਂ 'ਚ ਖ਼ਮਿਆਜ਼ਾ

ਹੈਰੀਮਾਨ ਦੀ ਦੇਵੀਗੜ੍ਹ ਰੈਲੀ ਤੋਂ ਬਾਅਦ ਹੁਣ ਸਾਬਕਾ ਵਜ਼ੀਰ ਲਾਲ ਸਿੰਘ ਦੇ ਸਮਰਥਕਾਂ ਬੁਲਾਈ ਬੈਠਕ

ਭੁੰਨਰਹੇੜੀ, 3 ਜਨਵਰੀ (ਧਨਵੰਤ ਸਿੰਘ) - ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਹਰਿੰਦਰਪਾਲ ਸਿੰਘ ਹੈਰੀਮਾਨ ਦੇ ਹੱਕ 'ਚ ਰੈਲੀ ਕਰਨ ਤੋਂ ਬਾਅਦ ਹੁਣ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ, ਸਾਬਕਾ ਮੰਤਰੀ ਲਾਲ ਸਿੰਘ ਦੇ ਸਮਰਥਕ ਵੀ ਸਿਆਸੀ ਹਲਚਲ ਕਰਨ ਲਈ ਕਮਰਕੱਸੇ ਕਰ ਚੁੱਕੇ ਹਨ ਜਿਸ ਕਾਰਨ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਿਚ ਧੜੇਬੰਦੀ ਦਾ ਖ਼ਮਿਆਜ਼ਾ ਵੀ ਭੁਗਤਣਾ ਪੈ ਸਕਦਾ ਹੈ। ਕਾਂਗਰਸ ਪਾਰਟੀ ਵਲੋਂ 8 ਵਾਰ ਚੋਣ ਮੈਦਾਨ 'ਚ ਉਤਰ ਚੁੱਕੇ ਉਮੀਦਵਾਰ ਲਾਲ ਸਿੰਘ ਲੋਕਾਂ ਦੀ ਕਚਹਿਰੀ ਵਿਚੋਂ 6 ਵਾਰੀ ਵਿਧਾਇਕ ਬਣਨ 'ਚ ਸਫਲ ਹੋ ਚੁੱਕੇ ਹਨ ਜਿਸ ਕਾਰਨ ਹਲਕਾ ਸਨੌਰ ਅੰਦਰ ਉਨ੍ਹਾਂ ਦਾ ਚੰਗਾ ਅਸਰ-ਰਸੂਖ਼ ਹੈ ਪਰ ਕਾਂਗਰਸ ਪਾਰਟੀ ਵਲੋਂ ਸਾਲ 2017 ਵਿਚ ਇਕ ਪਰਿਵਾਰ ਨੂੰ ਇਕ ਟਿਕਟ ਦੇਣ ਦੇ ਫ਼ੈਸਲੇ ਕਾਰਨ ਲਾਲ ਸਿੰਘ ਆਪ ਖ਼ੁਦ ਚੋਣ ਲੜਨ ਤੋਂ ਵਾਂਝਾ ਰਹਿ ਗਏ ਸਨ। ਉਹ ਸਮਾਣਾ ਹਲਕੇ ਤੋਂ ਆਪਣੇ ਸਪੁੱਤਰ ਰਾਜਿੰਦਰ ਸਿੰਘ ਨੂੰ ਵਿਧਾਇਕ ਬਣਾਉਣ ਵਿਚ ਸਫ਼ਲ ਹੋ ਗਏ ਸਨ। ਹਲਕਾ ਸਨੌਰ ਤੋਂ ਕਾਂਗਰਸ ਪਾਰਟੀ ਵਲੋਂ ਸੂਚਨਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਹਰਿੰਦਰਪਾਲ ਸਿੰਘ ਹੈਰੀਮਾਨ ਨੂੰ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰ ਉਤਾਰਿਆ ਸੀ ਪਰ ਉਹ ਥੋੜ੍ਹੇ ਜਿਹੇ ਫ਼ਰਕ ਨਾਲ ਵੋਟਾਂ ਨਾਲ ਪਛੜ ਗਏ ਸਨ। ਚੋਣ ਨਤੀਜਿਆਂ ਤੋਂ ਬਾਅਦ ਹੈਰੀਮਾਨ ਲਗਾਤਾਰ ਹਲਕੇ ਸਨੌਰ ਅੰਦਰ ਤਨਦੇਹੀ ਨਾਲ ਵਿਚਰ ਰਹੇ ਹਨ। ਜੋ ਹਲਕਾ ਸਨੌਰ ਅੰਦਰ ਵਿਕਾਸ ਕਾਰਜਾਂ ਲਈ ਤਤਪਰ ਰਹਿੰਦੇ ਹਨ ਜਿਸ ਦੀ ਬਦੌਲਤ ਲੋਕ ਸਭਾ ਚੋਣਾਂ 'ਚ ਸ੍ਰੀਮਤੀ ਪ੍ਰਨੀਤ ਕੌਰ ਵੱਡੀ ਲੀਡ ਦਿਵਾਉਣ ਵਿਚ ਕਾਮਯਾਬ ਹੋ ਗਏ ਸਨ। ਹਲਕੇ ਅੰਦਰ ਹੈਰੀਮਾਨ ਵਧੀਆ ਰਸੂਖ਼ ਬਣਾ ਚੁੱਕੇ ਹਨ। ਦੇਵੀਗੜ੍ਹ ਵਿਚ ਇਕ ਵੱਡੀ ਰੈਲੀ ਕਰਕੇ ਚੋਣ ਦੰਗਲ ਵਿਚ ਕੁੱਦ ਚੁੱਕੇ ਹਨ। ਪਰ ਦੂਸਰੇ ਪਾਸੇ ਪੁਰਾਣੇ ਸੀਨੀਅਰ ਕਾਂਗਰਸੀ ਆਗੂ ਅਤੇ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਬਲਾਕ ਸੰਮਤੀ ਭੁੰਨਰਹੇੜੀ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਦਸੰਬਰ ਮਹੀਨੇ ਚੈੱਕ ਵੰਡ ਕੇ ਇਸ ਹਲਕੇ ਤੋਂ ਮੁੜ ਕਾਂਗਰਸ ਪਾਰਟੀ ਤੋਂ ਉਮੀਦਵਾਰ ਬਣਨ ਦੇ ਸੰਕੇਤ ਦੇ ਚੁੱਕੇ ਸਨ। ਲਾਲ ਸਿੰਘ ਦੇ ਸਮਰਥਕਾਂ ਨੇ ਸਰਗਰਮੀਆਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਕਾਂਗਰਸ ਪਾਰਟੀ ਦੀ ਹਾਈਕਮਾਨ ਦੇ ਇਕ ਪਰਿਵਾਰ ਨੂੰ ਇਕ ਟਿਕਟ ਦੇਣ ਦੇ ਐਲਾਨ ਕਾਰਨ ਲਾਲ ਸਿੰਘ ਦੇ ਕੱਟੜ ਸਮਰਥਕਾਂ ਵਿਚ ਨਿਰਾਸ਼ਤਾ ਲਿਆਂਦੀ ਜਿਸ ਤੋਂ ਬਾਅਦ ਲਾਲ ਸਿੰਘ ਦੇ ਪੱਕੇ ਸਮਰਥਕ ਨਵਾਂ ਸਿਆਸੀ ਫ਼ੈਸਲਾ ਲੈਣ ਦੀ ਤਿਆਰੀ ਵਿਚ ਹਨ। ਸੂਤਰਾਂ ਅਨੁਸਾਰ 5 ਜਨਵਰੀ ਨੂੰ ਲਾਲ ਸਿੰਘ ਧੜਾ ਕਾਂਗਰਸੀ ਵਰਕਰਾਂ ਨਾਲ ਕਸਬਾ ਭੁੰਨਰਹੇੜੀ ਵਿਚ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨ ਜਾ ਰਹੇ ਹਨ ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਕਾਂਗਰਸ ਪਾਰਟੀ ਅੰਦਰ ਧੜੇਬੰਦੀ ਵਧਣ ਦੀ ਸੰਭਾਵਨਾ ਬਣ ਚੁੱਕੀ ਹੈ। ਫਿਲਹਾਲ ਹਲਕਾ ਸਨੌਰ ਅੰਦਰ ਕਾਂਗਰਸ ਪਾਰਟੀ ਦੋ ਵੱਡੇ ਧੜਿਆਂ ਅੰਦਰ ਵੰਡੀ ਹੋਈ ਵੇਖਣ ਨੂੰ ਮਿਲਣ ਦੇ ਆਸਾਰ ਨਜ਼ਰ ਆ ਰਹੇ ਹਨ।

ਸਬਮਰਸੀਬਲ ਪੰਪ ਚੋਰੀ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ)-ਸਥਾਨਕ ਰਤਨ ਨਗਰ 'ਚ ਇਕ ਪਲਾਟ 'ਚ ਲੱਗ ਸਬਮਰਸੀਬਲ ਪੰਪ ਅਤੇ ਇੱਥੇ ਸਕੂਟਰੀ ਦੇ ਕਾਗ਼ਜ਼ਾਤ ਅਤੇ ਇਕ ਮੋਬਾਈਲ ਚੋਰੀ ਹੋਣ ਦੀ ਸੂਚਨਾ ਸ਼ਮਸ਼ੇਰ ਸਿੰਘ ਵਾਸੀ ਪਟਿਆਲਾ ਨੇ ਥਾਣਾ ਅਨਾਜ ਮੰਡੀ 'ਚ ਦਰਜ ਕਰਵਾਈ ਸੀ। ਜਿਸ ਅਧਾਰ 'ਤੇ ਪੁਲਿਸ ਨੇ ਮਾਮਲੇ ਦੀ ਪੜਤਾਲ ਕਰਨ ਤੋਂ ਬਾਅਦ ਗੁਰਲਾਲ ਸਿੰਘ ਅਤੇ ਯਿਆਸੀਨ ਖਾਨ ਵਾਸੀਆਨ ਜ਼ਿਲ੍ਹਾ ਪਟਿਆਲਾ ਖ਼ਿਲਾਫ਼ 457,380 ਤਹਿਤ ਕੇਸ ਦਰਜ ਕਰ ਲਿਆ ਹੈ।

ਨਟਾਸ ਵਲੋਂ ਆਯੋਜਿਤ 234ਵੇਂ ਨਵਵਰਸ਼ ਗਾਰਡਨ ਨਾਟਕ ਮੇਲੇ ਵਿਚ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤੇ ਜਾਣ ਦਾ ਦ੍ਰਿਸ਼। ਅਜੀਤ ਤਸਵੀਰ

ਨਟਾਸ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ 234ਵਾਂ ਨਵ ਵਰਸ਼ ਮਾਸਿਕ ਗਾਰਡਨ ਨਾਟਕ ਮੇਲਾ ਕਰਵਾਇਆ

ਪਟਿਆਲਾ, 3 ਜਨਵਰੀ (ਅ.ਸ. ਆਹਲੂਵਾਲੀਆ) - ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਦਾਨਵੀਰ ਡਾ. ਐਸ.ਪੀ. ਸਿੰਘ ਓਬਰਾਏ ਵਲੋਂ ਆਯੋਜਿਤ 234ਵਾਂ ਮਾਸਿਕ ਗਾਰਡਨ ਮੇਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਤਾਬਦੀ ਪੂਰਬ ਨੂੰ ਸਮਰਪਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਰਾਜ ਦੀਆਂ ਪ੍ਰਸਿੱਧ ਸਮਾਜਿਕ ਸ਼ਖ਼ਸੀਅਤਾਂ ਆਰਕੀਟੈਕਟ ਐਲ.ਆਰ. ਗੁਪਤਾ ਐਮ.ਡੀ. ਯੂਨੀਕ ਆਰਕੀਟੈਕਟਸ ਅਤੇ ਸਾਬਕਾ ਚੇਅਰਮੈਨ ਪਟਿਆਲਾ ਸਬ ਸੈਂਟਰ ਇੰਡੀਅਨ ਇੰਸਟੀਚਿਊਟ ਆਫ਼ ਆਰਕੀਟੈਕਟਸ, ਡਾ. ਸਵਰਨ ਸਿੰਘ ਮਾਨ ਸੇਵਾਮੁਕਤ ਡਿਪਟੀ ਡਾਇਰੈਕਟਰ ਬਾਗ਼ਬਾਨੀ ਵਿਭਾਗ ਅਤੇ ਸੇਠ ਸ਼ਾਮ ਲਾਲ ਨਵਯੁਗ, ਮੈਡਮ ਮਾਲਾ ਗੋਪਾਲ ਨੇ ਦਰਸ਼ਕਾਂ, ਕਲਾਕਾਰਾਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਅਤੇ ਸ਼ੁੱਭ ਇੱਛਾਵਾਂ ਭੇਟ ਕੀਤੀਆਂ। ਆਰਕੀਟੈਕਟ ਐਲ.ਆਰ. ਗੁਪਤਾ ਨੇ ਨਟਾਸ ਨੂੰ 5000 ਰੁਪਏ ਦਾ ਕੈਸ਼ ਅਵਾਰਡ ਭੇਟ ਕਰਦਿਆਂ ਕਿਹਾ ਕਿ ਦੰਪਤੀ ਪ੍ਰਾਣ ਸੱਭਰਵਾਲ-ਸ੍ਰੀਮਤੀ ਸਭਰਵਾਲ ਪ੍ਰਧਾਨ ਗੁਰਬਚਨ ਸਿੰਘ ਕੱਕੜ, ਸਾਥੀਆਂ ਅਤੇ ਕਲਾਕਾਰਾਂ ਵਲੋਂ ਪਿਛਲੇ 20 ਸਾਲਾਂ ਤੋਂ ਨਿਰੰਤਰ ਮਾਸਿਕ ਗਾਰਡਨ ਥੀਏਟਰ ਮੁਹਿੰਮ ਨੂੰ ਜਾਰੀ ਰੱਖਣਾ ਇਕ ਮਹਾਨ ਯੋਗਦਾਨ ਹੈ। ਨਾਟਕ ਮੇਲੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਸ਼ਤਾਬਦੀ ਪੂਰਬ ਨੂੰ ਸਮਰਪਿਤ ਕਰਦਿਆਂ ਕਲਾਕਾਰਾਂ ਨੂੰ ਪ੍ਰੇਰਿਆ ਕਿ ਧਾਰਮਿਕ ਰੰਗਮੰਚ ਲਹਿਰ ਨੂੰ ਮਜ਼ਬੂਤ ਰੱਖਣ ਲਈ ਉਪਰਾਲੇ ਕੀਤੇ ਜਾਣ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਮਹਾਨ ਬਲਿਦਾਨ ਬਾਰੇ ਨਾਟਕ ਲਿਖੇ ਅਤੇ ਖੇਡੇ ਜਾਣ ਨਟਾਸ ਵਲੋਂ ਛੇਤੀ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਆਧਾਰਿਤ ਨਾਟਕ 'ਲਖੀ ਸ਼ਾਹ ਵਣਜਾਰਾ' ਤਿਆਰ ਕਰਕੇ ਖੇਡਿਆ ਜਾਵੇਗਾ।

ਮੁੱਖ ਮੰਤਰੀ ਚੰਨੀ ਦਾ ਹਰ ਇਕ ਦਿਨ ਲੋਕਾਂ ਦੇ ਲੇਖੇ - ਨਾਮਧਾਰੀ

ਸਮਾਣਾ, 3 ਜਨਵਰੀ (ਹਰਵਿੰਦਰ ਸਿੰਘ ਟੋਨੀ) - ਪੰਜਾਬ 'ਚ ਅਜੇ ਤੱਕ ਕੋਈ ਵੀ ਅਜਿਹਾ ਮੁੱਖ ਮੰਤਰੀ ਨਹੀਂ ਸੀ ਆਇਆ ਜਿਸ ਦਾ ਕੋਈ ਵੀ ਦਿਨ ਵਿਕਾਸ ਦੇ ਕਾਰਜਾਂ ਨੂੰ ਸਮਰਪਿਤ ਰਿਹਾ ਹੋਵੇ। ਇਹ ਸਿਰਫ਼ ਤੇ ਸਿਰਫ਼ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹਿੱਸੇ ਹੀ ਆਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਦੇ ਸੋਸ਼ਲ ਮੀਡੀਆ ਜ਼ਿਲ੍ਹਾ ਉਪ ਪ੍ਰਧਾਨ ਸੰਦੀਪ ਸਿੰਘ ਨਾਮਧਾਰੀ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਹਰ ਇਕ ਲੋਕ ਹਿਤਾਂ ਅਤੇ ਪੰਜਾਬ ਦੇ ਕਾਰਜਾਂ ਦੇ ਲੇਖੇ ਲੱਗ ਰਿਹਾ ਹੈ। ਉਨ੍ਹਾਂ ਵਲੋਂ ਹਰ ਦਿਨ ਕੋਈ ਨਾ ਕੋਈ ਨਵਾਂ ਅਜਿਹਾ ਐਲਾਨ ਕੀਤਾ ਜਾਂਦਾ ਹੈ, ਜਿਹੜਾ ਲੋਕ ਹਿਤਾਂ ਦੀ ਨੁਮਾਇੰਦਗੀ ਕਰਦਾ ਹੋਵੇ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਗਵਾਹੀ ਪੰਜਾਬ ਦੀਆਂ ਅਖ਼ਬਾਰਾਂ ਭਰਦੀਆਂ ਹਨ, ਜਿਨ੍ਹਾਂ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ 100 ਦਿਨਾਂ ਦੇ 100 ਕੰਮ ਵੇਰਵੇ ਸਮੇਤ ਦਿੱਤੇ ਗਏ ਹਨ। ਪੰਜਾਬ ਕਾਂਗਰਸ ਵਲੋਂ ਕੀਤੇ ਜਾ ਰਹੇ ਇਤਿਹਾਸਿਕ ਕਾਰਜਾਂ ਨੇ ਵਿਰੋਧੀ ਪਾਰਟੀਆਂ ਦੀ ਨੀਂਦ ਹਰਾਮ ਕਰ ਦਿੱਤੀ ਹੈ, ਕਿਉਂਕਿ ਕਿਸੇ ਵੀ ਪਾਰਟੀ ਕੋਲ ਲੋਕਾਂ ਵਿਚ ਜਾਣ ਲਈ ਕੋਈ ਮੁੱਦਾ ਬਚਿਆ ਹੀ ਨਹੀਂ। ਉਨ੍ਹਾਂ ਕਿਹਾ ਕਿ ਚੰਨੀ ਸਰਕਾਰ ਨੇ ਜੋ ਵਾਅਦੇ ਬਣਨ ਸਮੇਂ ਲੋਕਾਂ ਨਾਲ ਕੀਤੇ ਉਨ੍ਹਾਂ 'ਤੇ ਖਰਾ ਉੱਤਰਨ ਦੇ ਇਮਾਨਦਾਰੀ ਨਾਲ ਯਤਨ ਕੀਤੇ ਜਾ ਰਹੇ ਹਨ।



ਪਬਲਿਕ ਕਾਲਜ ਸਮਾਣਾ ਨੂੰ ਸਰਕਾਰੀ ਕਰਨ ਦਾ ਵਾਅਦਾ ਪੂਰਾ ਕਰਨ ਮੁੱਖ ਮੰਤਰੀ- ਵਿਦਿਆਰਥੀ ਯੂਨੀਅਨ

ਸਮਾਣਾ, 3 ਜਨਵਰੀ (ਸਾਹਿਬ ਸਿੰਘ) - ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਅਪੀਲ ਕੀਤੀ ਹੈ ਕਿ ਉਹ ਸਮਾਣਾ ਰੈਲੀ 'ਚ ਕੀਤੇ ਵਾਅਦੇ ਨੂੰ ਪੂਰਾ ਕਰਕੇ ਪਬਲਿਕ ਕਾਲਜ ਨੂੰ ਸਰਕਾਰੀ ਕਰਨ। ਉਨ੍ਹਾਂ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਨੇ ਰੈਲੀ ਵਿਚ ਐਲਾਨ ਕੀਤਾ ਸੀ ਕਿ ਉਹ ਵਿਧਾਇਕ ਰਜਿੰਦਰ ਸਿੰਘ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਮੰਨਦੇ ਹੋਏ ਨਵੇਂ ਸਾਲ ਦਾ ਤੋਹਫ਼ਾ ਕਾਲਜ ਨੂੰ ਸਰਕਾਰੀ ਕਰਨ ਦਾ ਦੇਣਗੇ। ਜੱਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ, ਜ਼ਿਲ੍ਹਾ ਸਕੱਤਰ ਖੁਸਵਿੰਦਰ ਰਵੀ ਅਤੇ ਅਕਸ਼ੇ ਘੱਗਾ ਹਾਜ਼ਰ ਸਨ।

ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਝੰਡੀ ਦੇ ਕੇ ਨਾਭਾ ਤੋਂ ਮਾਤਾ ਨੈਣਾ ਦੇਵੀ ਮੰਦਿਰ ਲਈ ਸਿੱਧੀ ਬੱਸ ਸੇਵਾ ਦੀ ਸ਼ੁਰੂਆਤ ਕਰਦੇ ਹੋਏ। ਅਜੀਤ ਤਸਵੀਰ

ਮਾਤਾ ਨੈਣਾ ਦੇਵੀ ਮੰਦਰ (ਬਿਲਾਸਪੁਰ) ਲਈ ਨਾਭਾ ਤੋਂ ਸਿੱਧੀ ਬੱਸ ਸੇਵਾ ਦੀ ਹੋਈ ਸ਼ੁਰੂਆਤ

ਨਾਭਾ, 3 ਜਨਵਰੀ (ਕਰਮਜੀਤ ਸਿੰਘ, ਅਮਨਦੀਪ ਸਿੰਘ ਲਵਲੀ) - ਸੂਬੇ ਦੀ ਕਾਂਗਰਸ ਸਰਕਾਰ ਵਲੋਂ ਵੱਖ-ਵੱਖ ਰੂਟਾਂ ਤੇ ਬੱਸਾਂ ਚਲਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਤਹਿਤ ਪੰਜਾਬ ਸਰਕਾਰ ਵਲੋਂ ਰਿਆਸਤੀ ਸ਼ਹਿਰ ਨਾਭਾ ਤੋਂ ਮਾਤਾ ਨੈਣਾਂ ਦੇਵੀ ਮੰਦਿਰ ਬਿਲਾਸਪੁਰ ਹਿਮਾਚਲ ਪ੍ਰਦੇਸ਼ ਲਈ ਸਿੱਧੀ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ ਜਿਸ ਦੀ ਸ਼ੁਰੂਆਤ ਅੱਜ ਨਗਰ ਕੌਂਸਲ ਨਾਭਾ ਦੇ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਵਲੋਂ ਹਰੀ ਝੰਡੀ ਦੇ ਕੇ ਸਥਾਨਕ ਬੱਸ ਸਟੈਂਡ ਤੋਂ ਰਵਾਨਾ ਕੀਤੀ ਗਈ। ਇਹ ਬੱਸ ਸਵੇਰੇ ਨਾਭਾ ਤੋਂ ਨੈਣਾਂ ਦੇਵੀ ਮੰਦਿਰ ਪਹੁੰਚ ਕੇ ਸ਼ਾਮ ਨੂੰ ਵਾਪਸ ਨਾਭਾ ਵਿਖੇ ਪਹੁੰਚੇਗੀ। ਇਹ ਬੱਸ ਸੇਵਾ ਸ਼ੁਰੂ ਹੋਣ ਨਾਲ ਨਾਭਾ ਹਲਕੇ ਤੋਂ ਮਾਤਾ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਬਹੁਤ ਫ਼ਾਇਦਾ ਮਿਲੇਗਾ। ਇਸ ਸਿੱਧੀ ਬੱਸ ਸੇਵਾ ਨੂੰ ਲੈ ਕੇ ਮਾਤਾ ਦੇ ਭਗਤਾਂ 'ਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਬੱਸ ਨੂੰ ਝੰਡੀ ਦੇਣ ਉਪਰੰਤ ਗੱਲਬਾਤ ਕਰਦਿਆਂ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਨੇ ਕਿਹਾ ਕਿ ਜਦੋਂ ਤੋਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਕੈਬਨਿਟ ਮੰਤਰੀ ਬਣੇ ਹਨ ਉਦੋਂ ਤੋਂ ਹੀ ਵੱਖ-ਵੱਖ ਰੂਟਾਂ ਤੇ ਸੂਬੇ ਦੀ ਕਾਂਗਰਸ ਸਰਕਾਰ ਵਲੋਂ ਬੱਸਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਨਾਭਾ ਤੋਂ ਨੈਣਾਂ ਦੇਵੀ ਬੱਸ ਸੇਵਾ ਬੰਦ ਕਰ ਦਿੱਤੀ ਗਈ ਸੀ, ਜਿਸ ਨੂੰ ਸਾਬਕਾ ਕੈਬਨਿਟ ਮੰਤਰੀ ਹਲਕਾ ਵਿਧਾਇਕ ਸਾਧੂ ਸਿੰਘ ਧਰਮਸੋਤ ਦੇ ਯਤਨਾਂ ਸਦਕਾ ਹੁਣ ਦੁਬਾਰਾ ਤੋਂ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਵਲੋਂ ਨਾਭਾ ਤੋਂ ਨੈਣਾ ਦੇਵੀ ਮੰਦਿਰ ਲਈ ਬੱਸ ਸੇਵਾ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮੌਕੇ ਪ੍ਰਧਾਨ ਰਜਨੀਸ਼ ਮਿੱਤਲ ਸ਼ੈਂਟੀ ਤੋਂ ਇਲਾਵਾ ਚਰਨਜੀਤ ਬਾਤਿਸ਼ ਸਿਆਸੀ ਸਕੱਤਰ ਧਰਮਸੋਤ, ਗੁਰਮੀਤ ਸਿੰਘ ਬੂਹੀ, ਰਵਨੀਸ਼ ਗੋਇਲ, ਸੰਜੇ ਮੱਗੋ, ਤੋਂ ਇਲਾਵਾ ਵੱਡੀ ਗਿਣਤੀ 'ਚ ਮਾਤਾ ਦੇ ਭਗਤ ਮੌਜੂਦ ਸਨ।

ਹਲਕਾ ਸਮਾਣਾ ਦੇ ਵਿਧਾਇਕ ਨਿਰਮਲ ਸਿੰਘ ਸਰਕਾਰੀ ਹਾਈ ਸਕੂਲ ਮਰੌੜੀ ਦੇ ਨਵੇਂ ਕੰਪਲੈਕਸ ਦਾ ਉਦਘਾਟਨ ਕਰਦੇ ਹੋਏ। ਅਜੀਤ ਤਸਵੀਰ

ਸਰਕਾਰੀ ਹਾਈ ਸਕੂਲ ਮਰੌੜੀ ਦੇ ਨਵੇਂ ਕੰਪਲੈਕਸ ਦਾ ਵਿਧਾਇਕ ਨਿਰਮਲ ਸਿੰਘ ਵਲੋਂ ਉਦਘਾਟਨ

ਸਮਾਣਾ, 3 ਜਨਵਰੀ (ਸਾਹਿਬ ਸਿੰਘ) - ਸਰਕਾਰੀ ਹਾਈ ਸਕੂਲ ਮਰੌੜੀ ਵਿਖੇ ਨਿਰਮਲ ਸਿੰਘ ਵਿਧਾਇਕ, ਹਲਕਾ ਸ਼ੁਤਰਾਣਾ ਵਲੋਂ ਸਕੂਲ ਦੇ ਨਵੇਂ ਕੰਪਲੈਕਸ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਸਕੂਲ ਮੁਖੀ ਵਿਕਾਸ ਕੁਮਾਰ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਸਕੂਲ ਨੂੰ ਇਲਾਕੇ ਦਾ ਮਾਡਲ ਸਕੂਲ ਬਣਾਉਣ ਸਬੰਧੀ ਹਰੇਕ ਸੰਭਵ ਸਹਾਇਤਾ ਦਾ ਅਹਿਦ ਦੁਹਰਾਇਆ। ਉਨ੍ਹਾਂ ਵਲੋਂ ਸਾਇੰਸ ਲੈਬ, ਕੰਪਿਊਟਰ ਲੈਬ, ਗਣਿਤ ਲੈਬ ਅਤੇ ਲਾਇਬਰੇਰੀ ਦਾ ਦੌਰਾ ਕੀਤਾ ਗਿਆ ਅਤੇ ਅਧਿਆਪਕਾਂ ਵਲੋਂ ਕੀਤੇ ਜਾ ਕੰਮਾਂ ਦੀ ਸ਼ਲਾਘਾ ਕੀਤੀ। ਸਕੂਲ ਦੇ ਅਧਿਆਪਕਾਂ ਮੱਖਣ ਚੌਧਰੀ, ਬਹਾਦਰ ਸਿੰਘ ਅਤੇ ਮੈਡਮ ਸਮਾਂ ਨੂੰ ਉਨ੍ਹਾਂ ਦੀਆਂ ਚੰਗੀਆਂ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਸਤਨਾਮ ਸਿੰਘ, ਉੱਪ-ਚੇਅਰਮੈਨ, ਹਰਦਿਆਲ ਕੌਰ ਸਰਪੰਚ ਮਰੌੜੀ, ਅਮਰਜੀਤ ਸਿੰਘ ਬੋਪਾਰਾਏ, ਸਤਵੰਤ ਕੌਰ ਰਤਨਹੇੜੀ, ਗਰਨਾਮ ਸਿੰਘ ਸਾਬਕਾ ਸਰਪੰਚ, ਮੈਂਬਰ ਜੱਸਾ ਸਿੰਘ, ਬਲਵਿੰਦਰ ਸਿੰਘ, ਰਜਿੰਦਰ ਕੁਮਾਰ ਸਕੂਲ ਸਟਾਫ਼ ਵਲੋਂ ਸਰਬਜੀਤ ਸਿੰਘ ਢਿੱਲੋਂ, ਪਰਮਿੰਦਰ ਸਿੰਘ, ਡਾ. ਹਰਵਿੰਦਰ ਸਿੰਘ ਚਹਿਲ, ਅਮਿਤ ਜਿੰਦਲ, ਮਨਜੀਤ ਸਿੰਘ, ਹਾਜ਼ਰ ਸਨ।